ਲੋੜਵੰਦਾਂ ਨੂੰ ਸਮੇਂ ਸਿਰ ਅਤੇ ਬਿਨਾਂ ਖੱਜਲ-ਖੁਆਰੀ ਦੇ ਦਿੱਤਾ ਜਾਵੇ ਕਰਜ਼ਾ-ਡਿਪਟੀ ਕਮਿਸ਼ਨਰ

ਤਰਨਤਾਰਨ, 16 ਸਤੰਬਰ :

ਬੈਂਕਾਂ ਲੋੜਵੰਦਾਂ ਨੂੰ ਆਪਣੇ ਛੋਟੇ-ਛੋਟੇ ਕਿੱਤੇ ਕਰਨ ਲਈ ਕਰਜ਼ਾ ਮੁਹੱਈਆ ਕਰਵਾਉਣ ਤਾਂ ਜੋ ਗਰੀਬ ਅਤੇ ਬੇਰੁਜ਼ਗਾਰ ਲੋਕ ਆਪਣਾ ਧੰਦਾ ਸ਼ੁਰੂ ਕਰਕੇ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕਣ ਅਤੇ ਆਪਣੇ ਪਰਿਵਾਰ ਦਾ ਨਿਰਵਾਹ ਕਰ ਸਕਣ।ਇਸ ਗੱਲ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਤਰਨਤਾਰਨ ਸ੍ਰੀ ਪਰਦੀਪ ਕੁਮਾਰ ਸੱਭਰਵਾਲ ਨੇ ਜ਼ਿਲ੍ਹੇ ਦੀਆਂ ਬੈਂਕਾਂ ਦੇ ਕੰਮ-ਕਾਜ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਤਿਮਾਹੀ ਮੀਟਿੰਗ ਦੌਰਾਨ ਕੀਤਾ।ਉਹਨਾਂ ਨੇ ਬੈਂਕਾ ਨੂੰ ਹਦਾਇਤ ਕੀਤੀ ਕਿ ਉਹ ਲੋੜਵੰਦਾਂ ਲੋਕਾਂ ਨੂੰ ਸਮੇਂ-ਸਿਰ ਅਤੇ ਬਿਨ੍ਹਾਂ ਕਿਸੇ ਕਿਸਮ ਦੀ ਖੱਜਲ-ਖੁਆਰੀ ਦੇ ਕਰਜ਼ਾ ਮੁਹੱਈਆ ਕਰਵਾਉਣ।



ਮੀਟਿੰਗ ਦੌਰਾਨ ਉਨਾਂ ਦੱਸਿਆ ਕਿ ਬੈਂਕਾਂ ਦੀ ਤਿਮਾਹੀ ਜੂਨ 2017 ਦੀ ਕਾਰਗੁਜ਼ਾਰੀ ਜ਼ਿਲ੍ਹੇ ਵਿੱਚ 104.35 ਫ਼ੀਸਦੀ ਰਹੀ ਜੋ ਕਿ ਇਕ ਸ਼ਲਾਘਾਯੋਗ ਕਦਮ ਹੈ। ਇਸ ਮੌਕ 'ਤੇ ਜ਼ਿਲਾ ਲੀਡ ਬੈਂਕ ਮੈਨਜਰ ਸ੍ਰੀ ਅਮਰੀਕ ਸਿੰਘ, ਆਰ. ਬੀ. ਆਈ. ਮੈਨਜਰ ਰਘੁਬੀਰ ਸਿੰਘ, ਡੀ. ਡੀ. ਐਮ. ਨਾਬਾਰਡ ਜਸਵਿੰਦਰ ਕੌਰ, ਸੀਨੀਅਰ ਮੈਨਜਰ ਡੀ. ਕੇ. ਪਠਾਨੀਆ ਤੋਂ ਇਲਾਵਾ ਬੈਂਕਾਂ ਦੇ ਜ਼ਿਲਾ ਕੁਆਰਡੀਨੇਟਰਜ਼ ਅਤੇ  ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

---------------